ਝਰੋਖਾ

# ਵਿਦੇਸ਼ਾਂ ਦੇ ਨਾਂਅ 'ਤੇ ਹੁੰਦੀ ਲੁੱਟ



ਭਵਨਦੀਪ ਸਿੰਘ ਪੁਰਬਾ

ਮੋ. 99889-29988

ਵਿਦੇਸ਼ ਦਾ ਤਾਂ ਨਾਂਅ ਹੀ ਵੱਡਾ ਹੈ। ਵਿਦੇਸ਼ 'ਬਾਹਰ' ਸ਼ਬਦ ਸੁਣਦੇ ਹੀ ਪੰਜਾਬੀਆਂ ਦੇ ਦੀਦੇ ਟਪਕਣ ਲੱਗ ਪੈਂਦੇ ਹਨ। ਕਿਹਾ ਜਾਂਦਾ ਹੈ ਕਿ ਏਅਰਪੋਰਟ 'ਤੇ ਜਾਣ ਸਾਰ ਹੀ ਬਾਹਰਲੇ ਨਜ਼ਾਰੇ ਦਿਸਣ ਲੱਗ ਪੈਂਦੇ ਹਨ। ਮੈਨੂੰ ਵੀ ਮੌਕਾ ਮਿਲਿਆ ਇੰਦਰਾ ਗਾਂਧੀ ਅੰਤਰ ਰਾਸ਼ਟਰੀ ਹਵਾਈ ਅੱਡੇ 'ਤੇ ਜਾਣ ਦਾ। ਜਦ ਛੋਟੇ ਵੀਰ ਨੂੰ ਆਸਟ੍ਰੇਲੀਆ ਭੇਜਣ ਲਈ ਏਅਰਪੋਰਟ 'ਤੇ ਛੱਡਣ ਗਏ ਤਾਂ ਸਵੇਰੇ 9 ਵਜੇ ਦੀ ਫਲਾਈਟ ਸੀ ਤੇ ਅਸੀਂ ਰਾਤ ਨੂੰ 11 ਵਜੇ ਪਹੁੰਚ ਗਏ। ਖੁੱਲ੍ਹਾ ਸਮਾਂ ਸੀ। ਮੈਂ, ਮੇਰੇ ਮਾਮਾ ਜੀ ਤੇ ਮੇਰੇ ਮਾਸੜ ਜੀ ਨੇ ਚੰਗੀ ਤਰ੍ਹਾਂ ਵਾਚਿਆ ਏਅਰਪੋਰਟ ਨੂੰ।

ਏਅਰ ਪੋਰਟ ਤੇ ਹਰ ਵਿਅਕਤੀ ਬੇਚੈਨੀ ਤੇ ਇੰਤਜ਼ਾਰ 'ਚ ਹੀ ਸੀ।ਜੋ ਲੋਕ ਸਕੇ-ਸਬੰਧੀਆਂ ਨੂੰ ਛੱਡਣ ਆਏ ਸੀ ਉਹ ਜਹਾਜ ਦੀ ਉਡਾਨ ਭਰਨ ਦੀ ਉਡੀਕ ਕਰ ਰਹੇ ਸਨ ਤੇ ਜੋ ਕਿਸੇ ਨੂੰ ਲੈਣ ਆਏ ਸਨ ਉਹ ਆਉਣ ਵਾਲੇ ਜਹਾਜ ਦੀ ਉਡੀਕ ਕਰ ਰਹੇ ਸਨ। ਪੰਜਾਬ ਦੇ ਕਹਿੰਦੇ ਕਹਾਉਂਦੇ ਲੋਕ ਤੇ ਖਾਸ ਕਰਕੇ ਬਜ਼ੁਰਗ, ਜਿਨ੍ਹਾਂ ਨੇ ਕਦੇ ਘਰੇ ਪਾਣੀ ਦਾ ਗਲਾਸ ਭਰ ਕੇ ਆਪ ਨਹੀਂ ਪੀਤਾ ਹੋਣਾ ਉਹ ਵੱਡੇ-ਵੱਡੇ ਅਟੈਚੀ ਕੇਸ ਟਰਾਲੀਆਂ 'ਚ ਰੱਖ ਕੇ ਧੱਕੀ ਜਾਂਦੇ ਸਨ। ਆਪ ਤੋਂ ਤੁਰਿਆ ਨਹੀਂ ਜਾਂਦਾ ਪਰ ਮਜ਼ਬੂਰੀ ਵੱਸ ਉਨ੍ਹਾਂ ਨੂੰ ਟਰਾਲੀਆਂ ਵੀ ਧੱਕਣੀਆਂ ਪੈਂਦੀਆਂ ਹਨ। ਬਜ਼ੁਰਗਾਂ ਦੀ ਭੀੜ ਜ਼ਿਆਦਾ ਸੀ। ਇਸ ਦਾ ਕਾਰਨ ਸ਼ਾਇਦ ਇਹੀ ਹੈ ਕਿ ਬਜ਼ੁਰਗਾਂ ਨੂੰ ਬਾਹਰ ਜਾਣ 'ਤੇ ਪੈਨਸ਼ਨਾਂ ਲੱਗ ਜਾਂਦੀਆਂ ਹਨ। ਉਹ ਦੋ-ਚਾਰ ਮਹੀਨੇ ਬਾਹਰ ਲਾ ਆਉਂਦੇ ਹਨ ਪੈਨਸ਼ਨ ਨਾਲ ਟਿਕਟ ਜੋਗੇ ਤੇ ਖਰਚੇ ਜੋਗੇ ਪੈਸੇ ਵਧੀਆ ਬਣ ਜਾਂਦੇ ਹਨ। ਬੱਸ ਫੇਰ ਭਾਰਤ ਤੋਂ ਵਿਦੇਸ਼ ਤੇ ਵਿਦੇਸ਼ ਤੋਂ ਭਾਰਤ।

ਵੇਟਿੰਗ ਰੂਮ (ਉਡੀਕ ਘਰ) ਵੱਲ ਕਦਮ ਵਧਾਈਏ ਤਾਂ ਗੇਟ 'ਚ ਹੀ ਦੋ ਜਵਾਨ ਖੜ੍ਹੇ ਤੁਹਾਡੇ ਸੁਆਗਤ ਕਰਦੇ ਹੋਏ ਆਖਣਗੇ, ਐਂਟਰੀ ਸਲਿੱਪ ਪਲੀਜ਼।' ਅੰਦਰ ਬੈਠ ਕੇ ਉਡੀਕ ਕਰਨ ਦੀ ਹੀ ਇੱਕ ਆਦਮੀ ਨੂੰ 50 ਰੁਪਏ ਦੀ ਟਿਕਟ ਲੈਣੀ ਪੈਂਦੀ ਹੈ, ਖ਼ੂਬ ਲੁੱਟਿਆ ਜਾਂਦਾ ਹੈ ਜਨਤਾ ਨੂੰ।

ਏਅਰਪੋਰਟ ਦੀਆਂ ਕੰਟੀਨਾਂ ਤੋਂ ਸਿਵਾਏ ਏਅਰਪੋਰਟ ਦੇ ਲਾਗੇ-ਚਾਗੇ ਚਾਹ-ਪਾਣੀ ਦਾ ਕੋਈ ਪ੍ਰਬੰਧ ਨਹੀਂ। ਕੰਨਟੀਨਾਂ ਵੀ ਕਾਹਦੀਆਂ, ਉੱਥੇ ਵੀ ਲੁੱਟ ਮੱਚੀ ਏ



। ਚਾਹ ਦਾ ਕੱਪ 25 ਰੁਪਏ ਤੇ ਕੌਫੀ ਦਾ ਕੱਪ 30 ਰੁਪਏ। ਕੌਫੀ ਵੀ ਕਾਹਦੀ, ਆਪਾਂ ਤਾਂ ਉਹੋ ਜਿਹੀ ਕੌਫੀ ਵੰਡ ਵਾਲੇ ਭਾਂਡੇ 'ਚ ਵੀ ਨਹੀਂ ਪਾਉਂਦੇ। ਅਸੀਂ ਚਾਰਾ ਨੇ ਕੌਫੀ ਦੇ ਕੱਪ ਤਾਂ ਲੈ ਲਏ ਪਰ ਕੋਫੀ ਦਾ ਘੁੱਟ ਭਰੀਏ ਤੇ ਬਾਹਰ ਨੂੰ ਆਵੇ। ਨਾ ਉਸ ਵਿਚ ਖੰਡ ਨਾ ਦੁੱਧ। ਮੈਂ ਤੇ ਮਾਮਾ ਜੀ ਨੇ ਤਾਂ ਔਖੇ-ਸੌਖੇ ਕੌਫੀ ਦਾ ਅੱਧਾ-ਅੱਧਾ ਕੱਪ ਪੀ ਹੀ ਲਿਆ ਪਰ ਦੋਵੇਂ ਮਾਸੜ ਜੀਆਂ ਨੇ ਤਾਂ ਇੱਕ-ਇੱਕ ਘੁੱਟ ਭਰਕੇ ਡੋਲ੍ਹ ਦਿੱਤੀ। ਅਸੀਂ ਕੰਟੀਨ ਵਾਲੇ ਨਾਲ ਕਾਫੀ ਔਖੇ-ਭਾਰੇ ਹੋਏ ਕਿ ਸਾਨੂੰ ਖਰਾਬ ਕੌਫੀ ਦਿੱਤੀ ਹੈ। ਅਸੀਂ ਵੀ ਪੰਜਾਬੀਆਂ ਵਾਲੀ ਕੀਤੀ। ਕੰਨਟੀਨ ਦੇ ਮੂਹਰੇ ਖੜ੍ਹ ਗਏ ਤੇ, ਜੋ ਵੀ ਗਾਹਕ ਆਵੇ, ਉਸ ਨੂੰ ਕਹਿ ਦੇਣਾ ਕਿ ਇਹ ਚਾਹ ਕੌਫੀ ਖਰਾਬ ਹੈ। ਅਸੀਂ ਬਹੁਤ ਗਾਹਕ ਖਰਾਬ ਕੀਤੇ ਉਸ ਦੇ ਪਰ ਸਦਕੇ ਜਾਈਏ, ਉਸ ਦੀ ਨਿਮਰਤਾ ਦੇ, ਜੋ ਇੱਕ ਲਫ਼ਜ਼ ਵੀ ਨਹੀਂ ਬੋਲਿਆ।

ਫੇਰ ਮਾਮਾ ਜੀ ਕਹਿਣ ਲੱਗੇ, 'ਚਲੋ ਚੱਲ ਕੇ ਅੰਦਰਲੀ ਕੰਟੀਨ ਤੋਂ ਚਾਹ ਪਾਣੀ ਪੀਨੇ ਆਂ, ਜੋ ਵੇਟਿੰਗ ਹਾਲ 'ਚ ਹੈ।' ਪਰ ਅੰਦਰਲੀ ਕੰਟੀਨ ਦਾ ਵੀ ਇਹੋ ਹਾਲ। ਫੇਰ ਵੱਡੇ ਮਾਮਾ ਜੀ ਨੇ ਕਿਹਾ ਕਿ, 'ਦਿੱਲੀ ਦਾ ਦੁੱਧ ਹੀ ਅਜਿਹਾ ਹੈ, ਇਹ ਸਾਡਾ ਪੰਜਾਬ ਨਹੀਂ ਹੈ, ਜਿੱਥੇ ਦੁੱਧ 'ਚ ਪਾਣੀ ਪਾਇਆ ਜਾਂਦਾ ਹੈ, ਇੱਥੇ ਤਾਂ ਪਾਣੀ 'ਚ ਦੁੱਧ ਪਾਇਆ ਜਾਂਦਾ ਹੈ।

ਸਵੇਰ ਦੇ 5 ਵੱਜ ਗਏ। ਅਸੀਂ ਨਹਾਉਣ-ਧੋਣ ਵਾਲ ਪਾਸੇ ਗਏ ਪਰ ਉੱਥੇ ਨਹਾਉਣਾ ਤਾਂ ਦੂਰ ਦੀ ਗੱਲ, ਮੂੰਹ ਧੋਣ ਨੂੰ ਵੀ ਪਾਣੀ ਨਸੀਬ ਨਹੀਂ ਹੋਇਆ।ਇਨੀਆਂ ਲੰਮੀਆਂ-ਲੰਮੀਆਂ ਲਾਇਨਾਂ ਜਿਵੇਂ ਥੋੜ੍ਹਾ ਸਮਾਂ ਪਹਿਲਾ ਪੰਜਾਬ 'ਚ ਡੀਪੂ 'ਤੇ ਮਿੱਟੀ ਦਾ ਤੇਲ ਲੈਣ ਲਈ ਲੱਗੀਆਂ ਹੁੰਦੀਆਂ ਹਨ। ਲੈਟਰੀਨ ਜਾਣ ਵਾਲਿਆਂ ਦੀ ਲੁੱਟ ਉੱਥੇ ਵੀ, ਜੋ ਵੀ ਬਾਹਰ ਨਿੱਕਲੇ 10-20 ਰੁਪਏ ਦੇ ਕੇ ਹੀ ਖਹਿੜਾ ਛੁੱਟੇ, ਪਤਾ ਨਹੀਂ ਇਹ 10-20 ਰੁਪਏ ਅੱਡਾ ਅਥੋਰਟੀ ਵੱਲੋਂ ਸਨ ਜਾਂ ਫਿਰ ...।

ਮੁੱਕਦੀ ਗੱਲ ਤਾਂ ਇਹ ਹੈ ਕਿ ਇਹ ਸਭ ਵਿਦੇਸ਼ ਨੂੰ ਜਾਣ ਵਾਲਿਆਂ ਨੂੰ ਲੁੱਟਣ ਦਾ ਵਸੀਲਾ ਬਣਿਆ ਹੈ। ਉਨ ੍ਹਾਂ ਨੂੰ ਪਹਿਲਾਂ ਟਰੈਵਲ ਏਜੰਟ ਲੁੱਟਦੇ ਹਨ ਤੇ ਫਿਰ ਅਬੈਂਸੀਆਂ ਵਾਲੇ। ਉਨਾਂ ਨੇ ਤਾਂ ਫੀਸ ਪਹਿਲਾਂ ਜਮ੍ਹਾਂ ਕਰਵਾ ਲੈਣੀ ਹੈ, ਭਾਵੇਂ ਵੀਜਾ ਲੱਗੇ, ਭਾਵੇਂ ਨਾ। ਵੀਜਾ ਲੱਗਣ ਤੋਂ ਬਾਅਦ ਵਿਦੇਸ਼ ਜਾਣ ਵਾਲੇ ਤੇ ਉਨ੍ਹਾਂ ਦੇ ਆਰ-ਪਰਿਵਾਰ ਦੀ ਲੁੱਟ ਹੁੰਦੀ ਹੈ ਏਅਰਪੋਰਟ 'ਤੇ। ਵਿਦੇਸ਼ਾਂ ਤੋਂ ਵਾਪਸ ਆ ਕੇ ਉਹੀ ਵਿਅਕਤੀ ਲੁੱਟਦੇ ਹਨ ਪੰਜਾਬ 'ਚ ਰਹਿੰਦੇ ਹੋਰ ਲੋਕਾਂ ਨੂੰ, ਜੋ ਵਿਦੇਸ਼ ਜਾਣ ਦੇ ਚਾਹਵਾਨ ਹਨ। ਵਿਦੇਸ਼ ਤੋਂ ਵਾਪਸ ਆਉਣ ਵਾਲੇ ਵਿਅਕਤੀ ਕੋਲ ਤਾਂ 'ਵਿਆਹ' ਨਾਂਅ ਦਾ ਲਾਇਸੈਂਸ ਬਣ ਜਾਂਦਾ ਹੈ ਲੁੱਟਣ ਲਈ। ਉਹ ਵਿਆਹਾਂ ਦੇ ਨਾਂਅ 'ਤੇ ਜਿੰਨੀ ਮਰਜ਼ੀ ਲੁੱਟ ਮਚਾ ਦੇਵੇ। ਪੰਜਾਬੀ ਸੀਅ ਨਹੀਂ ਕਰਦੇ। ਪੰਜਾਬੀ ਉਨ੍ਹਾਂ ਸਾਹਮਣੇ ਧੀਆਂ-ਪੁੱਤਾਂ ਦੀ ਨੁਮਾਇਸ਼ ਲਾ ਦਿੰਦੇ ਹਨ ਤੇ ਆਪ ਹੀ ਹਾਜ਼ਰ ਹੋ ਜਾਂਦੇ ਹਨ ਕਿ ਲੁੱਟ ਲਓ ਵਿਦੇਸ਼ਾਂ ਦੇ ਨਾਂਅ 'ਤੇ। ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਇੱਕ-ਦੂਜੇ ਪ੍ਰਤੀ ਇਹ ਲੁੱਟ ਕਦੋਂ ਖਤਮ ਹੋਵੇਗੀ ? ਸ਼ਾਇਦ ਕਦੇ ਵੀ ਨਹੀਂ।




